ਗਲਤ ਰਾਹ, ਅਤੇ ਉਲਟ ਧਾਰਨਾ ਦੇ ਹਨ੍ਹੇਰੇ ਵਿੱਚ ਜਿਨ੍ਹਾਂ ਦੀਆਂ ਅੱਖਾਂ 'ਤੇ ਛਾਏ ਹੋਏ ਹਨ, ਉਨ੍ਹਾਂ ਨੂੰ ਤੂੰ ਸੱਚੇ ਅਤੇ ਅਸਲ ਮਾਰਗ ਦੀ ਪੁੱਛਗਿੱਛ ਕਰਦਾ ਹੈਂ ? ਓਏ, ਪਾਣੀ ਨੂੰ ਦਹੀ ਦੀ ਤਰ੍ਹਾਂ ਰਿੜਕਣ ਨਾਲ ਕੀ ਮਿਲੇਗਾ ? - 4

ਮਨ ਨੂੰ ਜੇ ਇੱਕਦਮ ਅਜਾਦ ਛੱਡ ਦਿੱਤਾ ਜਾਵੇ ਤਾਂ ਉਹ ਤਰ੍ਹਾਂ ਤਰ੍ਹਾਂ ਦੇ ਆਤੰਕ ਫੈਲਾਵੇਗਾ, ਉਪਦਰਵ ਕਰੇਗਾ, ਪਰ ਉਹੀ ਮਨ ਜੇ ਅਧਿਆਤਮ ਦੇ ਬਾਗ ਵਿੱਚ ਬਿਨਾਂ ਸ਼ਰਤ ਹੋ ਕੇ ਘੁੰਮਣ ਫਿਰਨ ਲੱਗੇ ਤਾਂ ਸਹਿਜ ਸੁੱਖ ਦੇ ਫੁੱਲ ਖਿੜ ਜਾਂਦੇ ਹਨ। - 5

ਜਨਮ ਜਨਮ ਤੋਂ ਆਤਮਾ ਵਿੱਚ ਡੇਰਾ ਲਾ ਕੇ ਜੰਮੇ ਹੋਏ ਆਸ਼ਰਵ, ਵਿਕਥਾ, ਗੌਰਵ (ਹੰਕਾਰ) ਅਤੇ ਕਾਮ-ਇੱਛਾ ਦੇ ਕੂੜੇ ਨੂੰ ਬਾਹਰ ਕੱਢ ਦੇ। ਸੰਬਰ ਰਾਹੀਂ ਆਤਮਾ ਅਨੁਸ਼ਾਸਨ ਨੂੰ ਆਪਣਾ ਮਿੱਤਰ ਬਣਾ। ਇਹ ਇੱਕ ਰਹੱਸ ਦੀ ਗੱਲ ਹੈ। - 6

ਸੰਸਾਰ ਦੇ ਜੰਗਲ ਰੂਪੀ ਵਨ ਵਿੱਚ ਭਟਕਦੇ ਹੋਏ ਤੂੰ ਇੰਨੇ ਕਸ਼ਟ ਨੂੰ ਸਹਿਣ ਕਰਦਾ ਹੈਂ। ਜਿਨੇਸ਼ਵਰ ਪ੍ਰਮਾਤਮਾ ਜੋ ਕਿ ਸੰਸਾਰ ਦਾ ਉਪਕਾਰ ਕਰਨ ਦੇ ਲਈ, ਹਮੇਸ਼ਾ ਤਿਆਰ ਰਹਿੰਦੇ ਹਨ, ਤੂੰ ਉਨ੍ਹਾਂ ਦਾ ਮਾਰਗ ਗ੍ਰਹਿਣ ਕਰ। - 7

ਵਿਨੈ ਨਾਲ ਜੋ ਵੀ ਕਿਹਾ ਜਾਂਦਾ ਹੈ, ਉਹ ਜਰੂਰ ਭਲਾ ਕਰਦਾ ਹੈ। ਤੁਸੀਂ ਉਸ ਨੂੰ ਧਿਆਨ ਨਾਲ ਸੁਣੋ। ਭਿੰਨ-ਭਿੰਨ ਸੁੱਖਾਂ ਦੇ ਨਾਲ ਅਤੇ ਭਿੰਨ-ਭਿੰਨ ਪੁੰਨਾਂ ਦੇ ਨਾਲ ਜੋੜਨ ਵਾਲੇ ਸ਼ਾਂਤਸੁਧਾ ਰਸ ਦਾ ਪਾਨ ਕਰੋ। - 8

## 16.

# ਮੱਧਿਅਸਥਭਵਾਨ (ਸ਼ਲੋਕ)

ਜਿਸ ਦੇ ਸਹਾਰੇ ਥੱਕੇ-ਟੁੱਟੇ ਹੋਏ ਮਨੁੱਖ ਅਰਾਮ ਪਾਉਂਦੇ ਹਨ, ਜਿਸ ਦੇ ਰਾਹੀਂ ਬਿਮਾਰ ਅਤੇ ਕਮਜ਼ੋਰ ਆਦਮੀ ਖੁਸ਼ੀ ਮਹਿਸੂਸ ਕਰਦੇ ਹਨ, ਰਾਗ ਦਵੇਸ਼ ਨੂੰ ਰੋਕ ਕੇ ਸਹਿਜ, ਉਦਾਸੀਨਤਾ ਜਿਸ ਤੋਂ ਪ੍ਰਾਪਤ ਹੁੰਦੀ ਹੈ, ਅਜਿਹਾ ਮੱਧਿਅਸਥ ਭਾਵ ਸਾਡੇ ਲਈ ਚੰਗਾ ਹੈ। - 1

ਇਸ ਸੰਸਾਰ ਦੇ ਲੋਕ ਤਰ੍ਹਾਂ ਤਰ੍ਹਾਂ ਦੇ ਕਰਮਾਂ ਦੇ ਕਾਰਨ ਭਿੰਨ ਭਿੰਨ ਪ੍ਰਕਾਰ ਦੀ ਮਨਚਾਹੀ - ਅਣਚਾਹੀ ਭੇਦ ਖੋਲ੍ਹਣ ਵਾਲੀਆਂ ਗੱਲਾਂ ਕਰਦੇ ਹਨ। ਉਸ ਵਿੱਚ ਸਮਝਦਾਰ ਅਤੇ ਵਿਵੇਕੀ ਮਨੁੱਖ ਕਿਸ ਦੀ ਪ੍ਰਸੰਸਾ ਕਰੇ ਅਤੇ ਕਿਸ 'ਤੇ ਗੁੱਸਾ ਕਰੇ। - 2

ਖੁਦ ਭਗਵਾਨ ਮਹਾਵੀਰ ਸਵਾਮੀ ਵੀ ਆਪਣੇ ਚੇਲੇ ਜਮਾਲੀ (ਸੰਸਾਰਿਕ ਰਿਸ਼ਤੇ ਦੇ ਜਮਾਈ) ਨੂੰ ਗਲਤ ਸਿਧਾਂਤ ਦਾ ਪ੍ਰਚਾਰ ਕਰਨ ਤੋਂ ਰੋਕ ਨਹੀਂ ਸਕੇ। ਫਿਰ ਕੌਣ ਕਿਸੇ ਨੂੰ ਰੋਕ ਸਕਦਾ ਹੈ ? ਇਸ ਲਈ ਭਲਾ ਇਸ ਵਿੱਚ ਹੈ ਕਿ ਅਸੀਂ ਉਦਾਸੀਨ ਮੱਧਿਅਸਥ ਭਾਵ ਵਿੱਚ ਸਥਿਰ ਹੋ ਜਾਈਏ। - 3

ਤੀਰਥੰਕਰ ਭਗਵਾਨ ਮਹਾਨ ਬਲਸ਼ਾਲੀ ਹੁੰਦੇ ਹਨ। ਫਿਰ ਵੀ ਉਹ ਕਿਸੇ ਤੋਂ ਜੋਰ ਜਬਰਦਸਤੀ ਨਾਲ ਧਰਮ ਨਹੀਂ ਕਰਵਾਉਂਦੇ। ਸਗੋਂ ਸੱਚਾ ਧਰਮ ਉਪਦੇਸ਼ ਦਿੰਦੇ ਹਨ ਅਤੇ ਪ੍ਰਾਣੀਆਂ ਨੂੰ ਧਰਮ ਵਿੱਚ ਲਗਾਉਂਦੇ ਹਨ। ਹਾਂ, ਜੇ ਪ੍ਰਾਣੀ ਉਸ ਨੂੰ ਸਵੀਕਾਰ ਕਰਦਾ ਹੈ ਤਾਂ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। - 4

ਇਸ ਲਈ ਹੇ ਸੱਤਪੁਰਸ਼ੋ ! ਤੁਸੀਂ ਉਦਾਸੀਨਤਾ ਰੂਪੀ ਅੰਮ੍ਰਿਤ ਰਸ ਦਾ ਲਗਾਤਾਰ ਸੇਵਨ ਕਰੋ। ਉੱਛਲਦੇ ਅਤੇ ਉਫਨਦੇ ਹੋਏ ਅਨੰਦ ਦੀ ਮੌਜਾਂ 'ਤੇ ਸਵਾਰ ਹੋ ਕੇ ਪ੍ਰਾਣੀ ਮੁਕਤੀ ਸੁੱਖ ਨੂੰ ਪਾਉਂਦੇ ਹਨ। - 5

## ਸੋਲ੍ਹਵੀਂ ਭਾਵਨਾ (ਗੀਤ)

ਹੇ ਵਿਨੇ ! ਤੂੰ ਸ੍ਰੇਸ਼ਠ ਉਦਾਸੀਨਤਾ ਦੇ ਸੁੱਖ ਦਾ ਲਗਾਤਾਰ ਅਨੁਭਵ ਕਰ। ਉਦਾਸੀਨ ਭਾਵ ਪਰਮ ਕਲਿਆਣ ਦੇ ਨਾਲ ਮੇਲ ਕਰਾਉਣ ਵਾਲਾ ਹੈ। ਸਾਰੇ ਸ਼ਾਸਤਰਾਂ ਦਾ ਸਾਰ ਅਤੇ ਮਨ ਭਾਉਂਦਾ ਫਲ ਦੇਣ ਵਾਲਾ ਉਦਾਸੀਨ ਭਾਵ ਹੈ। ਤੂੰ ਉਸ ਦਾ ਅਨੁਭਵ ਕਰ। - 1

ਪਰਾਈ ਚਿੰਤਾ ਅਤੇ ਪਰਾਈ ਪੰਚਾਇਤ ਦੇ ਜੰਜਾਲ ਨੂੰ ਛੱਡ ਦੇ। ਤੂੰ ਖੁਦ ਦੇ ਆਤਮ ਸਰੂਪ ਦਾ ਚਿੰਤਨ ਕਰ। ਕੋਈ ਕੰਡੇ ਕਰੀਰ ਨੂੰ ਇਕੱਠਾ ਕਰੇ ਜਾਂ ਕੋਈ ਮਿੱਠੇ ਅੰਬਾਂ ਨੂੰ ਇਕੱਠਾ ਕਰੇ। ਤੂੰ ਇਸ ਤੋਂ ਕੀ ਲੈਣਾ ਹੈ। - 2

ਜੇ ਕੋਈ ਤੇਰੀ ਆਖੀ ਹੋਈ ਭਲੇ ਦੀ ਗੱਲ ਨੂੰ ਨਹੀਂ ਸੁਣਦਾ ਤਾਂ ਤੂੰ ਉਸ 'ਤੇ ਨਰਾਜ ਨਾ ਹੋ, ਗੁੱਸਾ ਨਾ ਕਰ, ਫਾਲਤੂ ਬੇਅਰਥ ਪਰਾਈ ਚਿੰਤਾ ਵਿੱਚ ਜਲ ਕੇ ਤੂੰ ਆਪਣੇ ਆਤਮ ਸੁੱਖ ਨੂੰ ਕਿਉਂ ਗਵਾਉਂਦਾ ਹੈ ? - 3

ਕੁਝ ਜੜ ਬੁੱਧੀ ਅਤੇ ਮੂਰਖ ਲੋਕ ਸ਼ਾਸਤਰਾਂ ਦੀਆਂ ਗੱਲਾਂ ਨੂੰ ਦਰ-ਕਿਨਾਰ ਕਰਕੇ ਗਲਤ ਗੱਲਾਂ ਕਰਦੇ ਹਨ। ਸ਼ਾਸਤਰਾਂ ਨੂੰ ਝੂਠਾ ਸਾਬਤ ਕਰਨ ਦੇ ਲਈ ਝੂਠੀਆਂ ਦਲੀਲਾਂ ਘੜਦੇ ਹਨ, ਵਿਅਰਥ ਬਕਵਾਸ ਕਰਦੇ ਹਨ। ਪਰ ਜੇਕਰ ਕੋਈ ਰਸ ਵਾਲਾ ਮਿੱਠਾ ਦੁੱਧ ਛੱਡ ਮੂਤਰ ਪੀਣ ਨੂੰ ਤਿਆਰ ਹੋਵੇ ਤਾਂ ਅਸੀ ਉਸ ਦਾ ਕੀ ਕਰ ਸਕਦੇ ਹਾਂ ? - 4

ਜਿਸ ਦੀ ਜਿਹੋ ਜਿਹੀ ਗਤੀ ਹੁੰਦੀ ਹੈ, ਉਸ ਦੀ ਉਹੋ ਜਿਹੀ ਬੁੱਧੀ ਹੁੰਦੀ ਹੈ। ਇਹ ਗੱਲ ਤੂੰ ਚੰਗੀ ਤਰ੍ਹਾਂ ਨਹੀਂ ਸਮਝ ਰਿਹਾ। ਜਿਸ ਆਦਮੀ ਦਾ ਅਜਿਹਾ ਭਵਿੱਖ ਹੁੰਦਾ ਹੈ, ਉਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੈ। - 5

ਚਿੱਤ ਨੂੰ ਖੁਸ਼ ਕਰਨ ਅਤੇ ਚੰਗੇ ਭਾਵ ਨਾਲ ਭਰਨ ਵਾਲੀ ਸਮਤਾ ਨੂੰ ਦਿਲ ਵਿੱਚ ਬਸਾ ਕੇ ਬਾਹਰਲੇ ਕਪਟ ਜਾਲ ਨੂੰ ਇਕੱਠਾ ਕਰ। ਤੇਰੀ ਜ਼ਿੰਦਗੀ ਬਹੁਤ ਥੋੜ੍ਹੀ ਹੈ। ਤੂੰ ਕਿਉਂ ਪੁਦਗਲ ਦੀ ਗੁਲਾਮੀ ਵਿੱਚ ਪਤਲਾ ਹੋਇਆ ਜਾ ਰਿਹਾ ਹੈਂ। - 6

ਅਨੁਪਮ ਤੀਰਥ ਸਰੀਖੇ ਅਤਿ ਸਿਮਰਣਯੋਗ ਸ਼ੁੱਧ ਚੇਤਨਾ ਵਾਲੇ ਜੋ ਤੇਰੇ ਅੰਦਰ ਬਿਰਾਜਮਾਨ ਹੈ, ਉਸ ਨੂੰ ਬਾਰ-ਬਾਰ ਆਪਣੀਆਂ ਯਾਦਾਂ ਦੇ ਝਰੋਖੇ ਵਿੱਚ ਲੈ ਆ। ਇਸ ਨਾਲ ਤੈਨੂੰ ਲੰਬੇ ਅਰਸੇ ਤੱਕ ਸੁੱਖ ਪ੍ਰਾਪਤ ਹੋਵੇਗਾ। - 7

ਪਾਰਬ੍ਰਹਮ ਦੇ ਪਰਮ ਸਾਧਨ ਰੂਪ ਉਦਾਸੀਨ ਭਾਵ ਜੋ ਕੇਵਲ ਗਿਆਨ ਨੂੰ ਉਜਾਗਰ ਕਰਦਾ ਹੈ, ਉਸ ਨੂੰ ਪ੍ਰਾਪਤ ਕਰਕੇ ਤੂੰ ਵਿਨੇ ਦੇ ਰਾਹੀਂ ਰਚੇ ਇਸ ਸ਼ਾਂਤਸੁਧਾ ਰਸ ਦਾ ਅੰਮ੍ਰਿਤਪਾਨ ਕਰ। - 8

# ਗ੍ਰੰਥ ਸਾਰ ਅਤੇ ਗੁਰੂ ਪਰੰਪਰਾ (ਸ਼ਲੋਕ)

ਇਸ ਤਰ੍ਹਾਂ ਦੀਆਂ ਚੰਗੀਆਂ ਭਾਵਨਾਵਾਂ ਦੀ ਖੁਸ਼ਬੂ ਨਾਲ ਭਰਿਆ ਹੋਇਆ ਜੀਵ ਆਤਮਾ ਸ਼ੰਕਾ ਰਹਿਤ ਹੋ ਕੇ ਆਤਮ ਤੱਤਵ ਦੇ ਚਿੰਤਨ ਤੋਂ ਮੋਹ, ਨੀਂਦ, ਮਮਤਾ ਆਦਿ ਨੂੰ ਛੇਤੀ ਦੂਰ ਕਰ ਦਿੰਦਾ ਹੈ। ਸੱਤਵਸ਼ੀਲ ਹੋ ਕੇ ਮਮਤਾ ਭਾਵ ਨੂੰ ਧਾਰਨ ਕਰਦਾ ਹੈ। ਅਨੁਪਮ ਅਤੇ ਸੌ-ਸੌ ਚੱਕਰਵਰਤੀਆਂ ਦੇ ਸੁੱਖ ਤੋਂ ਵੀ ਉਸ ਦੇ ਭਾਵਨਾ ਵਾਲੇ ਮਨ ਦਾ ਸੁੱਖ ਡੂੰਘਾ ਹੁੰਦਾ ਹੈ। ਉਸ ਸੁੱਖ ਨੂੰ ਚਹੁੰ ਪਾਸਿਓ ਪਸਾਰ ਕੇ ਆਪਣੇ ਯੱਸ਼ ਨੂੰ ਫੈਲਾਉਂਦਾ ਹੈ ਅਤੇ ਅੰਤ ਵਿੱਚ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। - 1

ਜਿਸ ਭਾਵਨਾ ਦੇ ਸੁਭਾਅ ਨਾਲ ਦੁਰਧਿਆਨ ਰੂਪੀ ਪ੍ਰੇਤ ਪੀੜਾ ਜਰਾ ਵੀ ਪ੍ਰੇਸ਼ਾਨ ਨਹੀਂ ਕਰਦੀ, ਉਸ ਸੁੱਖ ਦੇ ਕਾਰਨ ਲਹਿਲਹਾਉਂਦੇ ਚਿੱਤ ਨੂੰ ਪ੍ਰਸੰਨਤਾ ਦਿੰਦੀ ਹੈ। ਤ੍ਰਿਪਤੀ ਦਾ ਅਪਾਰ ਦਰਿਆ ਚਹੁੰ-ਪਾਸੇ ਲਹਿਲਹਾਉਂਦਾ ਹੈ। ਜਿਸ ਦੇ ਅਸਰ ਨਾਲ ਰਾਗ-ਦਵੇਸ਼ ਆਦਿ ਦੁਸ਼ਮਣ ਨਸ਼ਟ ਹੋ ਜਾਂਦੇ ਹਨ ਅਤੇ ਆਤਮ ਰਿੱਧੀ ਸਹਿਜ ਰੂਪ ਤੋਂ ਪ੍ਰਾਪਤ ਹੋ ਜਾਂਦੀ ਹੈ। ਵਿਨੇ ਵਾਲਾ, ਨਿਰਮਲ ਸਾਫ ਬੁੱਧੀ ਵਾਲਾ ਹੋ ਕੇ ਤੁਸੀਂ ਇਨ੍ਹਾਂ ਭਾਵਨਾਵਾਂ ਦਾ ਧਿਆਨ ਕਰੋ। - 2

ਸ੍ਰੀ ਹੀਰ ਵਿਜੇਸੂਰੀ ਜੀ ਦੇ ਦੋ ਚੇਲੇ ਜੋ ਸਕੇ ਭਾਈ ਸਨ, ਉਹ ਸਨ ਸ੍ਰੀ ਸੋਮ ਵਿਜੇ ਜੀ, ਵਾਚਕ ਅਤੇ ਸ੍ਰੀ ਕੀਰਤੀ ਵਿਜੇ ਜੀ ਵਾਚਕ। - 3

ਉਹਨਾਂ ਵਿੱਚੋਂ ਸ੍ਰੀ ਕੀਰਤੀ ਵਿਜੇ ਵਾਚਕ ਦੇ ਚੇਲੇ ਉਪਾਧਿਆਇ ਵਿਨੇ ਵਿਜੇ ਜੀ ਨੇ ਇਸ **ਸ਼ਾਂਤਸੁਧਾ ਰਸ** ਨਾਉਂ ਦੇ ਇਸ ਭਾਵਨਾ ਭਰੇ ਗ੍ਰੰਥ ਦੀ ਰਚਨਾ ਕੀਤੀ ਹੈ। - 4

ਬਿਕਰਮ ਸੰਮਤ 1723 ਰੰਧਪੁਰ (ਗੰਧਾਰ) ਨਗਰ ਵਿੱਚ ਖੁਸ਼ੀ ਭਰੇ ਹਿਰਦੇ ਨਾਲ ਕੀਤਾ। ਇਹ ਕੋਸ਼ਿਸ਼ ਉਸ ਸਮੇਂ ਦੇ ਜੈਨ ਅਚਾਰਿਆ ਸ੍ਰੀ ਵਿਜੇ ਪ੍ਰਭ ਸੂਰੀਸ਼ਵਰ ਜੀ ਦੀ ਕ੍ਰਿਪਾ ਨਾਲ ਸਫਲ ਹੋਈ। - 5